# ਹਰਮਿੰਦਰ ਸਿੰਘ ਤੇ ਉਸ ਦੇ ਤਿੰਨ ਸਾਥੀ ਗ੍ਰਿਫ਼ਤਾਰ

**○ ਪੁਲੀਸ ਨੇ ਪਾਖੰਡੀ ਸਾਧਾਂ ਵਿਰੁੱਧ ਲਹਿਰ ਚਲਾ ਰਹੇ ਦਲ ਖ਼ਾਲਸਾ ਤੇ ਤੱਤ ਖ਼ਾਲਸਾ ਨੂੰ ਖਾੜਕੂ ਸਰਗਰਮੀਆਂ 'ਚ ਲਪੇਟਿਆ ○ ਨੌਜਵਾਨਾਂ ਦੇ ਮਾਪਿਆਂ ਵੱਲੋਂ ਪੁਲੀਸ ਦੀ ਕਹਾਣੀ ਮਨਘੜਤ ਕਰਾਰ**

ਖੰਨਾ-ਪੁਲੀਸ ਜ਼ਿਲ੍ਹਾ ਖੰਨਾ ਦੀ ਇੱਕ ਵਿਸ਼ੇਸ਼ ਟੀਮ ਨੇ ਲੁਧਿਆਣਾ ਦਿਹਾਤੀ, ਸ਼ਹਿਰੀ ਅਤੇ ਖੁਫ਼ੀਆ ਵਿਭਾਗ ਦੇ ਸਹਿਯੋਗ ਨਾਲ ਲੁਧਿਆਣਾ ਵਿਖੇ ਵਾਪਰੇ ਸ਼ਿੰਗਾਰ ਬੰਬ ਕਾਂਡ ਨਾਲ ਸੰਬੰਧਿਤ ਨਾਮਜ਼ਦ ਮੁੱਖ ਮੁਲਜ਼ਮ ਹਰਮਿੰਦਰ ਸਿੰਘ ਅਤੇ ਉਸ ਦੇ ਤਿੰਨ ਹੋਰਨਾਂ ਸਾਥੀਆਂ ਨੂੰ ਬੀਤੇ ਦਿਨੀਂ ਹਿਰਾਸਤ ਵਿੱਚ ਲਿਆ। ਮੁੱਖ ਮੁਲਜ਼ਮ ਹਰਮਿੰਦਰ ਸਿੰਘ 'ਤੇ ਪੰਜਾਬ ਪੁਲੀਸ ਵੱਲੋਂ ਪੰਜ ਲੱਖ ਦਾ ਇਨਾਮ ਵੀ ਰੱਖਿਆ ਹੋਇਆ ਸੀ। ਇਨ੍ਹਾਂ ਮੁਲਜ਼ਮਾਂ ਨੂੰ ਪੁਲੀਸ ਨੇ ਲੁਧਿਆਣਾ ਦੇ ਜਨਤਾ ਨਗਰ ਇਲਾਕੇ ਵਿੱਚੋਂ ਫੜਿਆ ਹੈ। ਪੁਲੀਸ ਪਾਰਟੀ ਨੇ ਗੁਪਤ ਸੂਚਨਾ ਮਿਲਣ 'ਤੇ ਮਕਾਨ ਨੂੰ ਘੇਰਾ ਪਾ ਲਿਆ।

ਖਾੜਕੂ ਹਰਮਿੰਦਰ ਸਿੰਘ ਨੇ ਮਕਾਨ ਦੀ ਛੱਤ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਹ ਸਖ਼ਤ ਜ਼ਖ਼ਮੀ ਹੋ ਗਿਆ ਤੇ ਪੁਲੀਸ ਦੇ ਹੱਥ ਆ ਗਿਆ। ਉਸ ਦੇ ਬਾਕੀ ਤਿੰਨ ਸਾਥੀਆਂ ਨੇ ਵੀ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲੀਸ ਨੇ ਉਨ੍ਹਾਂ ਨੂੰ ਵੀ ਦਬੋਚ ਲਿਆ। ਪੁਲੀਸ ਅਨੁਸਾਰ ਫੜੇ ਗਏ ਖਾੜਕੂਆਂ ਕੋਲੋਂ ਇੱਕ ਏ. ਕੇ. 47, 2 ਪਿਸਤੌਲ ਅਤੇ ਹੈਂਡਗ੍ਰਨੇਡ ਅਤੇ ਭਾਰੀ ਮਾਤਰਾ ਵਿੱਚ ਗੋਲੀ ਸਿੱਕਾ ਫੜਿਆ ਗਿਆ ਹੈ। ਹਰਮਿੰਦਰ ਸਿੰਘ ਅਤੇ ਉਸ ਦੇ ਬਾਕੀ ਸਾਥੀਆਂ ਨੂੰ ਸੀ. ਆਈ. ਏ. ਸਟਾਫ਼ ਖੰਨਾ ਵਿਖੇ ਪੁੱਛ-ਗਿੱਛ ਦੇ ਲਈ ਲਿਆਂਦਾ ਗਿਆ। ਇੱਥੇ ਐੱਸ. ਐੱਸ. ਪੀ. ਦਫ਼ਤਰ ਵਿਖੇ ਪੁਲੀਸ ਮੁਖੀ ਪੀ. ਐੱਸ. ਗਿੱਲ, ਏ. ਡੀ. ਜੀ. ਪੀ. (ਇੰਟੈਲੀਜੈਂਸ) ਸੁਰੇਸ਼ ਅਰੋੜਾ, ਡੀ. ਆਈ. ਜੀ. ਲੁਧਿਆਣਾ ਰੇਂਜ ਡਾ. ਜਤਿੰਦਰ ਜੈਨ, ਐੱਸ. ਐੱਸ. ਪੀ. ਸੁਖਵਿੰਦਰ ਸਿੰਘ ਮਾਨ ਨੇ ਫੜੇ ਗਏ ਵਿਅਕਤੀਆਂ ਪਾਸੋਂ ਪੁੱਛ ਪੜਤਾਲ ਵੀ ਕੀਤੀ। ਹਰਮਿੰਦਰ ਸਿੰਘ ਨੇ ਨਾਲ ਫੜੇ ਗਏ ਬਾਕੀ ਸਾਥੀ ਪਟਿਆਲਾ ਜ਼ਿਲ੍ਹੇ ਦੇ ਹਨ। ਇਨ੍ਹਾਂ ਦੀ ਸ਼ਨਾਖ਼ਤ ਗੁਰਜੰਟ ਸਿੰਘ ਵਾਸੀ ਪਿੰਡ ਜੰਗਪੁਰਾ, ਜਸਮਿੰਦਰ ਸਿੰਘ ਅਤੇ ਮਨਜਿੰਦਰ ਸਿੰਘ ਹਨ।

ਪੰਜਾਬ ਪੁਲੀਸ ਨੇ ਇਕ ਸਾਜ਼ਿਸ਼ ਤਹਿਤ ਪਾਖੰਡੀ ਸਾਧਾਂ ਵਿਰੁੱਧ ਲਹਿਰ ਚਲਾ ਰਹੇ ਦਲ ਖ਼ਾਲਸਾ ਤੇ ਤੱਤ ਖ਼ਾਲਸਾ ਨੂੰ ਖਾੜਕੂ ਸਰਗਰਮੀਆਂ ਵਿੱਚ ਲਪੇਟ ਲਿਆ ਹੈ ਤਾਂ ਜੋ ਉਹ ਆਪਣੀਆਂ ਸਰਗਰਮੀਆਂ ਠੱਪ ਕਰ ਦੇਣ। ਬੀਤੇ ਦਿਨੀਂ ਪੁਲੀਸ ਨੇ ਦਾਅਵਾ ਕੀਤਾ ਕਿ ਹਰਮਿੰਦਰ ਤੇ ਉਸ ਦੇ ਸਾਥੀਆਂ ਨੂੰ ਭਾਰਤ 'ਚ ਹਿੰਸਾ



ਫੈਲਾਉਣ ਲਈ ਵਿਦੇਸ਼ ਤੋਂ ਇਲਾਵਾ ਦੇਸ ਦੀਆਂ ਪੰਥਕ ਸੰਸਥਾਵਾਂ ਤੋਂ ਨਿੱਜੀ ਰੂਪ ਵਿੱਚ ਵੀ ਫੰਡਿੰਗ ਹੋ ਰਹੀ ਸੀ। ਇੰਨਾ ਹੀ ਨਹੀਂ, ਖੁਦ ਨੂੰ ਸਥਾਪਿਤ ਕਰਨ 'ਚ ਲੱਗੀਆਂ ਧਾਰਮਿਕ ਸੰਸਥਾਵਾਂ ਤੱਤ ਖਾਲਸਾ ਤੇ ਦਲ ਖਾਲਸਾ ਦੇ ਕਈ ਲੋਕ ਵੀ ਹਿੰਸਕ ਸਰਗਰਮੀਆਂ ਚਲਾਉਣ 'ਚ ਹਰਮਿੰਦਰ ਤੇ ਉਸ ਦੇ ਸਾਥੀਆਂ ਦਾ ਸਾਥ ਦੇ ਰਹੇ ਸਨ। ਪੱਤਰਕਾਰ ਸੰਮੇਲਨ 'ਚ ਮੀਡੀਆ ਦਾ ਸਾਹਮਣਾ ਕਰਨ ਲਈ ਡੀ. ਜੀ. ਪੀ. ਨਹੀਂ ਆਏ, ਜਦ ਕਿ ਐੱਸ. ਐੱਸ. ਪੀ. ਸੁਖਵਿੰਦਰ ਸਿੰਘ ਮਾਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰਮਿੰਦਰ ਤੋਂ ਇਲਾਵਾ ਫੜੇ ਗਏ ਤਿੰਨ ਖਾੜਕੂ ਤੱਤ ਖਾਲਸਾ ਨਾਂ ਦੀ ਸੰਸਥਾ ਦੇ ਸਰਗਰਮ ਮੈਂਬਰ ਸਨ। ਹਿੰਸਕ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਤੱਤ ਖਾਲਸਾ ਤੇ ਦਲ ਖਾਲਸਾ ਨਾਂ ਦੀਆਂ ਸੰਸਥਾਵਾਂ ਦਾ ਸਹਾਰਾ ਲਿਆ ਜਾ ਰਿਹਾ ਸੀ। ਹਰਮਿੰਦਰ ਤੋਂ ਇੱਕ ਜਾਅਲੀ ਵੋਟਰ ਕਾਰਡ ਵੀ ਬਲਜੀਤ ਸਿੰਘ ਦੇ ਨਾਂ 'ਤੇ ਬਣਾਇਆ ਹੋਇਆ ਬਰਾਮਦ ਹੋਇਆ ਹੈ। ਉਨ੍ਹਾਂ ਸਾਫ਼ ਕਿਹਾ ਕਿ ਲੁਧਿਆਣਾ ਸ਼ਿੰਗਾਰ ਬੰਬ ਕਾਂਡ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਦੋ ਸਾਲ ਪਾਕਿਸਤਾਨ ਰਿਹਾ ਤੇ ਉਸ ਦਾ ਸੰਬੰਧ ਬੱਬਰ ਖ਼ਾਲਸਾ ਦੇ ਮੁਖੀ ਵਧਾਵਾ ਸਿੰਘ ਨਾਲ ਹੈ। ਉਸ ਤੋਂ ਬਾਅਦ ਉਹ ਕਾਠਮੰਡੂ 'ਚ ਵੀ ਰਿਹਾ ਹੈ। ਉੱਥੋਂ ਹੀ ਉਹ ਪੰਜਾਬ 'ਚ ਹਿੰਸਕ ਕਾਰਵਾਈਆਂ ਲਈ ਦਿਸ਼ਾ-ਨਿਰਦੇਸ਼ ਦਿੰਦਾ ਰਿਹਾ।

ਦੂਜੇ ਪਾਸੇ ਇੱਥੇ ਫੜੇ ਗਏ ਤਿੰਨ ਨੌਜਵਾਨਾਂ ਗੁਰਜੰਟ ਸਿੰਘ, ਜਸਮਿੰਦਰ ਸਿੰਘ ਅਤੇ ਮਨਜਿੰਦਰ ਸਿੰਘ ਦੇ ਮਾਪਿਆਂ ਵੱਲੋਂ ਇੱਥੋਂ ਦੇ ਇੱਕ ਹੋਟਲ ਵਿੱਚ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਇਸ ਮੌਕੇ ਗੁਰਜੰਟ ਸਿੰਘ ਦੇ ਪਿਤਾ ਸੇਵਕ ਸਿੰਘ ਅਤੇ ਤਾਏ ਕੈਪਟਨ ਅਮਰਜੀਤ ਸਿੰਘ ਅਤੇ ਪਿੰਡ ਜੰਗਪੁਰਾ ਦੇ ਸਰਪੰਚ ਤੇ ਪੰਚਾਇਤ ਮੈਂਬਰਾਂ ਨੇ ਦੱਸਿਆ ਕਿ ਪੁਲੀਸ ਵੱਲੋਂ ਗੁਰਜੰਟ ਸਿੰਘ ਨੂੰ ਜਨਤਾ ਨਗਰ ਲੁਧਿਆਣਾ ਤੋਂ ਗ੍ਰਿਫ਼ਤਾਰ ਕਰਨ ਅਤੇ ਅਸਲਾ ਬਰਾਮਦ ਕਰਨ ਦੀ ਕਹਾਣੀ ਝੂਠੀ ਹੈ। ਉਨ੍ਹਾਂ ਦੱਸਿਆ ਕਿ ਗੁਰਜੰਟ ਜੋ ਖ਼ਰਾਦ ਮਸ਼ੀਨਾਂ ਦਾ ਕੰਮ ਕਰਦਾ ਹੈ, ਨੂੰ ਖੰਨਾ ਪੁਲੀਸ ਨੇ ਅੱਧੀ ਰਾਤ ਨੂੰ ਉਸ ਦੇ ਘਰ ਪਿੰਡ ਜੰਗਪੁਰਾ (ਜ਼ਿਲ੍ਹਾ ਮੋਹਾਲੀ) ਵਿਖੇ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਸੀ। ਇਸੇ ਤਰ੍ਹਾਂ ਦੂਜੇ ਫੜੇ ਗਏ ਨੌਜਵਾਨ ਜਸਮਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਰਾਜਪੁਰਾ ਨੇ ਦੱਸਿਆ ਕਿ ਉਸ ਦਾ ਮੁੰਡਾ ਜੋ ਕੰਪਿਊਟਰ ਕੈਫੇ ਦਾ ਕੰਮ ਕਰਦਾ ਹੈ, ਨੂੰ ਪੁਲੀਸ ਨੇ ਸਵੇਰੇ ਕਰੀਬ ਚਾਰ ਵਜੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਤੀਜਾ ਨੌਜਵਾਨ ਮਨਜਿੰਦਰ ਸਿੰਘ ਦੇ ਪਿਤਾ ਮਨਜੀਤ ਸਿੰਘ ਵਾਸੀ ਪਿੰਡ ਹੁਸੈਨਪੁਰਾ ਨੇ ਦੱਸਿਆ ਕਿ ਉਸ ਦਾ ਮੁੰਡਾ ਰਾਗੀ ਹੈ ਅਤੇ ਗੁਰਦੁਆਰੇ ਵਿੱਚ ਕੀਰਤਨ ਦੀ ਡਿਊਟੀ ਕਰਦਾ ਹੈ, ਜਿਸ ਨੂੰ ਪੁਲੀਸ ਨੇ ਸਵੇਰੇ ਸਾਢੇ ਚਾਰ ਵਜੇ ਪਿੰਡ ਵਿੱਚ ਘਰੋਂ ਗ੍ਰਿਫ਼ਤਾਰ ਕੀਤਾ ਹੈ। ਇਸੇ ਦੌਰਾਨ ਸ਼੍ਰੋਮਣੀ ਤੱਤ ਖ਼ਾਲਸਾ ਦੇ ਮੁਖੀ ਜਰਨੈਲ ਸਿੰਘ ਅਤੇ ਸੰਦੀਪ ਸਿੰਘ ਨੇ ਸਪੱਸ਼ਟ ਕੀਤਾ ਕਿ ਆਸ਼ੂਤੋਸ਼ ਘਟਨਾ ਸੰਬੰਧੀ ਜਦੋਂ ਪਿਛਲੇ ਵਰ੍ਹੇ 5 ਦਸੰਬਰ ਨੂੰ ਲੁਧਿਆਣਾ ਵਿਖੇ ਇੱਕ ਮੁਜ਼ਾਹਰੇ ਦੌਰਾਨ ਪੁਲੀਸ ਵੱਲੋਂ ਚਲਾਈ ਗੋਲੀ ਵਿੱਚ ਇਹ ਤਿੰਨੇ ਨੌਜਵਾਨ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਏ ਸਨ, ਤਾਂ ਉਸ ਮਾਮਲੇ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਜ਼ਖ਼ਮੀ ਹੋਏ ਨੌਜਵਾਨਾਂ ਨੇ ਆਪਣਾ ਮਾਮਲਾ ਉਠਾਇਆ ਸੀ। ਹੁਣ ਪੁਲੀਸ ਇਸ ਮਾਮਲੇ ਵਿੱਚ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਬਚਣ ਲਈ ਉਨ੍ਹਾਂ ਤਿੰਨੇ ਨੌਜਵਾਨਾਂ ਨੂੰ 'ਸ਼ਿੰਗਾਰ ਸਿਨੇਮਾ ਘਟਨਾ ਵਿੱਚ ਫਸਾ ਕੇ ਆਪਣੇ ਹੀ ਬਚਾਅ ਕਰਨ ਦੀ ਚਾਲ ਚੱਲ ਰਹੀ ਹੈ।

## ਪਤਨੀ ਨੇ ਨਹੀਂ ਫੜਵਾਇਆ ਹਰਮਿੰਦਰ ਨੂੰ

ਲੁਧਿਆਣਾ-ਐੱਸ. ਐੱਸ. ਪੀ. ਮਾਨ ਨੇ ਪੱਤਰਕਾਰ ਸੰਮੇਲਨ 'ਚ ਨਕਾਰਿਆ ਕਿ ਹਰਮਿੰਦਰ ਨੂੰ ਉਸ ਦੀ ਪਤਨੀ ਨੇ ਫੜਵਾਇਆ ਹੈ, ਸਗੋਂ ਉਨ੍ਹਾਂ ਦਾ ਕਹਿਣਾ ਸੀ ਕਿ ਪੁਲੀਸ ਦਾ ਇੱਕ ਸੂਤਰ ਅਜਿਹਾ ਸੀ, ਜਿਸ ਨੂੰ ਹਰਮਿੰਦਰ 'ਤੇ 5 ਲੱਖ ਰੁਪਏ ਦਾ ਇਨਾਮ ਉਸ ਨੂੰ ਜ਼ਰੂਰ ਦਿਵਾਉਣਗੇ।

## ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਡੂੰਘੀ ਸਾਜ਼ਸ਼ : ਮਾਨ

ਫ਼ਤਿਹਗੜ੍ਹ ਸਾਹਿਬ-ਜਦੋਂ ਹੁਣ ਪੰਜਾਬ ਵਿਚ ਕੋਈ ਖਾੜਕੂ ਕਾਰਵਾਈ ਨਹੀਂ ਹੋ ਰਹੀ ਅਤੇ ਨਾ ਹੀ ਕੋਈ ਸਿੱਖ ਨੌਜਵਾਨ ਕਿਸੇ ਖਾੜਕੂ ਕਾਰਵਾਈ ਵਿਚ ਸ਼ਾਮਲ ਹੋ ਰਿਹਾ ਹੈ, ਉਦੋਂ ਹਰਮਿੰਦਰ ਸਿੰਘ ਅਤੇ ਉਸ ਦੇ ਤਿੰਨ ਸਾਥੀਆਂ ਗੁਰਜੰਟ ਸਿੰਘ ਜੰਗਪੁਰ (ਮੋਹਾਲੀ), ਜਸਮਿੰਦਰ ਸਿੰਘ ਹੁਸੈਨਪੁਰ (ਪਟਿਆਲਾ) ਅਤੇ ਮਨਜਿੰਦਰ ਸਿੰਘ ਰਾਗੀ ਹੁਸੈਨਪੁਰ (ਪਟਿਆਲਾ) ਨੂੰ ਲੁਧਿਆਣਾ ਤੋਂ ਭਾਰੀ ਵਿਸਫੋਟਕ ਸਮੱਗਰੀ ਸਮੇਤ ਗ੍ਰਿਫ਼ਤਾਰ ਕਰਨ ਦਾ ਰਚਿਆ ਡਰਾਮਾ ਕੇਵਲ ਤੇ ਕੇਵਲ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਇਕ ਡੂੰਘੀ ਸਾਜ਼ਿਸ਼ ਹੈ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਖ਼ਬਾਰਾਂ ਵਿਚ ਇਸ ਸੰਬੰਧੀ ਪ੍ਰਕਾਸ਼ਤ ਹੋਈਆਂ ਰੀਪੋਰਟਾਂ ਜਿਨ੍ਹਾਂ ਵਿਚ ਉਪਰੋਕਤ ਨੌਜਵਾਨਾਂ ਨੂੰ ਪਾਕਿਸਤਾਨ ਤੋਂ ਟ੍ਰੇਨਿੰਗ ਪ੍ਰਾਪਤ ਦੱਸਿਆ ਗਿਆ ਹੈ ਅਤੇ 14 ਅਕਤੂਬਰ 2007 ਨੂੰ ਸ਼ਿੰਗਾਰ ਸਿਨੇਮਾ ਲੁਧਿਆਣਾ ਵਿਖੇ ਹੋਏ ਬੰਬ ਧਮਾਕੇ ਦੇ ਦੋਸ਼ੀ ਠਹਿਰਾ ਕੇ ਬਣਾਈ ਗਈ ਕਹਾਣੀ "ਝੂਠ ਦੇ ਪੁਲੰਦੇ" ਤੋਂ ਵੱਧ ਕੁੱਝ ਨਹੀਂ, ਪਰ ਫਿਰ ਵੀ ਜੇ ਅਖ਼ਬਾਰਾਂ ਅਤੇ ਖੁਫ਼ੀਆ ਏਜੰਸੀਆਂ ਦੀਆਂ ਪ੍ਰਕਾਸ਼ਿਤ ਰੀਪੋਰਟਾਂ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਇਕ ਬਹੁਤ ਹੀ ਸੰਜੀਦਾ ਸਵਾਲ ਹਿੰਦੁਸਤਾਨੀ ਹੁਕਮਰਾਨਾਂ, ਪੰਜਾਬ ਸਰਕਾਰ ਅਤੇ ਹਿੰਦ ਵਿਚ ਸਰਗਰਮ ਸਿਆਸੀ ਜਮਾਤਾਂ ਲਈ ਉਠਦਾ ਹੈ ਕਿ ਲੁਧਿਆਣਾ ਸ਼ਿੰਗਾਰ ਸਿਨੇਮੇ ਦੇ ਹੋਏ ਬੰਬ ਕਾਂਡ ਦੌਰਾਨ ਜਿੰਨੇ ਵੀ ਲੋਕ ਮਾਰੇ ਗਏ ਸਨ, ਉਹ ਸਭ ਮੁਸਲਿਮ ਕੌਮ ਨਾਲ ਸੰਬੰਧਿਤ ਸਨ। ਉਨ੍ਹਾਂ ਕਿਹਾ ਕਿ ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਪਾਕਿਸਤਾਨ ਜੋ ਇਕ ਕੱਟੜ ਮੁਸਲਿਮ ਦੇਸ਼ ਹੈ, ਉਹ ਨੌਜਵਾਨਾਂ ਨੂੰ ਟ੍ਰੇਨਿੰਗ ਇਸ ਲਈ ਦੇ ਰਿਹਾ ਹੈ ਕਿ ਮੁਸਲਿਮ ਕੌਮ ਨੂੰ ਹੀ ਨਿਸ਼ਾਨਾ ਬਣਾਇਆ ਜਾਵੇ। ਮਾਨ ਨੇ ਯੂਨਾਈਟਿਡ ਨੇਸ਼ਨਜ਼, ਏਸ਼ੀਆ ਵਾਚ ਹਿਊਮਨ ਰਾਈਟਸ ਅਤੇ ਹੋਰ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਹੱਕਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ "ਹਿੰਦੂਤਵ ਤਾਕਤਾਂ" ਵਲੋਂ ਸਿੱਖ ਕੌਮ ਨੂੰ ਬਦਨਾਮ ਕਰਨ ਦੀਆਂ ਮਨੁੱਖਤਾ ਵਿਰੋਧੀ ਕਾਰਵਾਈਆਂ ਵਿਰੁੱਧ ਸਖ਼ਤ ਸਟੈਂਡ ਲੈਣ ਅਤੇ ਸਚਾਈ ਸਾਹਮਣੇ ਲਿਆਉਣ।


